## ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿਚ ਹੋ ਰਹੀਆਂ ਮੰਨਮੱਤਾਂ।

ਕਿਸ਼ਤ ਨੰਬਰ 12

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10, 11 ਪੜ੍ਹੋ ਜੀ।)

** ਕਾਦਰੀ ਨਿਯਮਾਂ ਦੇ ਤਹਿਤ ਹਰ ਮਨੁੱਖ, ਪਸ਼ੂ-ਪੰਛੀ, ਜੀਵ-ਜੰਤੂ, ਪੇੜ-ਪੌਦੇ, ਜਾਨਵਰ ਨੂੰ ਕਰਤਾਰ/ ਕੁੱਦਰਤ ਨੇ ਅਕਲ, ਮੱਤ, ਬੁੱਧ, ਸਿਆਣਪ, ਗਿਆਨ ਨਾਲ ਨਿਵਾਜਣਾ ਕੀਤਾ ਹੈ। ਇਸ ਅਕਲ, ਮੱਤ, ਬੁੱਧੀ, ਸਿਆਣਪ, ਗਿਆਨ, ਸੰਜਮ ਦੀ ਵਰਤੋਂ, ਹਰ ਸ਼੍ਰੇਣੀ ਦੇ ਜੀਵ ਨੇ ਆਪਣੀ ਲੋੜ ਅਨੁਸਾਰ ਕਰਨੀ ਹੈ ਚਾਹੇ ਉਹ ਜੀਵ ਧਰਤੀ ਉੱਪਰ ਹੈ, ਚਾਹੇ ਪਾਣੀ ਵਿੱਚ ਹੈ, ਚਾਹੇ ਆਕਾਸ਼ ਵਿੱਚ ਹੈ, ਅਤੇ ਚਾਰੇ ਖਾਣੀਆਂ ਦੇ ਸਾਰੇ ਜੀਵ ਕਰਦੇ ਵੀ ਹਨ।

. ਸਿਵਾਏ ਮਨੁੱਖ ਦੇ ਬਾਕੀ ਸ਼੍ਰੇਣੀਆਂ ਦੇ ਜੀਵ ਆਪਣਾ ਜੀਵਨ 'ਕੁੱਦਰਤੀ ਗੁਣਾਂ' ਦੇ ਅਨੁਸਾਰ ਹੀ ਜਿਉਂਦੇ ਹਨ। ਪਰ ਇੱਕ ਮਨੁੱਖ ਹੈ, ਜਿਸਨੇ ਤਰੱਕੀ ਵੀ ਖ਼ੂਬ ਕੀਤੀ ਹੈ, ਪਰ ਨਾਲ ਦੀ ਨਾਲ ਆਪ ਖ਼ੁਦ ਹੀ ਆਪਣੀ ਚਤੁਰਾਈ ਕਰਕੇ ਆਪਣੇ ਬਣਾਏ 'ਮੱਕੜ ਜਾਲ' (ਇੱਛਿਆਵਾਂ/ਕਾਮਨਾਵਾਂ ਦਾ ਜਾਲ) ਵਿੱਚ ਫੱਸ ਰਿਹਾ ਹੈ। ਤਰੱਕੀ ਦੇ ਨਾਲ ਨਾਲ ਮਨੁੱਖ ਦੀਆਂ ਮੁਸ਼ਕਲਾਂ ਵਿੱਚ ਵਾਧਾ ਹੋ ਰਿਹਾ ਹੈ। ਇਸ ਧਰਤੀ ਉੱਪਰ ਹਰ ਮਨੁੱਖ ਕਿਸੇ ਨਾ ਕਿਸੇ ਦੁੱਖ/ਦਰਦ/ਕਲੇਸ਼ ਕਰਕੇ ਪਰੇਸ਼ਾਨ ਹੈ। 'ਨਾਨਕ ਦੁਖੀਆ ਸਭੁ ਸੰਸਾਰੁ'॥ ਮ1॥ 953॥

. ਮਨੁੱਖ ਦੇ ਪਰੇਸ਼ਾਨ ਹੋਣ ਦਾ ਅਸਲ ਕਾਰਨ ਹੈ, ਮਨੁੱਖ ਦੀ ਆਪਣੀਆਂ ਕਾਮਨਾਵਾਂ, ਇੱਛਿਆਵਾਂ, ਚੁਤਰਾਈਆਂ-ਸਿਆਣਪਾਂ, ਜਿਹਨਾਂ ਦੇ ਨਾ-ਪੂਰੀਆਂ ਹੋਣ ਕਾਰਨ ਆਸੇ ਪਾਸੇ ਸਾਰੇ ਮਨੁੱਖ ਦੁੱਖੀ ਨਜ਼ਰ ਆ ਰਹੇ ਹਨ। ਕਿਉਂਕਿ ਬਹੁਤ ਸਾਰੇ ਕੰਮ, ਜੋ ਮਨੁੱਖ ਵਲੋਂ ਕੀਤੇ ਜਾਂਦੇ ਹਨ, ਉਹਨਾਂ ਵਿੱਚ ਮਨੁੱਖ ਦਾ ਲਾਲਚ/ ਇੱਛਾ/ਸੁਆਰਥ/ਨਿਜ਼ੀ-ਮਤਲਭ ਛੁੱਪਿਆ ਹੁੰਦਾ ਹੈ। ਅਗਰ ਇਸ ਲਾਲਚ/ਇੱਛਾ/ਸੁਆਰਥ/ਨਿਜ਼ੀ-ਮਤਲਭ ਦੀ ਪੂਰਤੀ ਹੋ ਗਈ ਤਾਂ ਸੁੱਖ, . . . . ਵਰਨਾ ਬਹੁਤ ਵੱਡਾ ਦੁੱਖ/ਗ਼ਮ/ਝੋਰਾ/ਪਛਤਾਵਾ।

. ਇਸੇ ਲਈ 'ਗੁਰਬਾਣੀ' ਵਿੱਚ ਮਨੁੱਖ ਨੂੰ ਸੇਧ ਦੇਣੀ ਕੀਤੀ ਗਈ ਹੈ, ਆਪਣਾ ਮਨੁੱਖਾ ਜੀਵਨ ਵਿੱਚ ਆਪਣੇ ਦੁਆਰਾਂ ਕੀਤੇ ਗਏ ਕੰਮਾਂ ਦੀ ਜ਼ਿੰਮੇਂਵਾਰੀ ਲੈਣੀ ਕਰੋ। (ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ਮ1॥ 432॥ ਜੋ ਵੀ ਕਰਮ ਕਰ ਰਹੇ ਹੋ, ਉਸਨੂੰ ਆਪਣੀ ਅਕਲ, ਮੱਤ, ਬੁੱਧੀ, ਸਿਆਣਪ, ਗਿਆਨ, ਸੰਜਮ ਦੀ ਵਰਤੋਂ ਕਰ ਕੇ ਕਰਨਾ ਕਰੋ, ਵਰਨਾ ਹੱਥ ਵਿੱਚ ਪਛਤਾਵਾ ਹੀ ਆਏਗਾ।

** ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

. ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥

. ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ ਮ1॥ 1245॥

. ਬਾਬਾ ਨਾਨਕ ਜੀ, ਸਮਝਾਉਣਾ ਕਰ ਰਹੇ ਹਨ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਦੇ ਕਾਰ ਵਿਹਾਰ ਆਪਣੀ ਅਕਲ, ਮੱਤ, ਬੁੱਧੀ, ਸਿਆਣਪ, ਸੰਜਮ ਵਰਤ ਕੇ ਕਰਨੇ ਚਾਹੀਦੇ ਹਨ। ਅਕਲ, ਮੱਤ, ਬੁੱਧੀ, ਸਿਆਣਪ, ਗਿਆਨ, ਸੰਜਮ ਵਰਤ ਕੇ ਹੀ ਸੰਸਾਰ/ਦੁਨੀਆਂ ਵਿੱਚ ਮਾਣ ਪਾਇਆ ਜਾ ਸਕਦਾ ਹੈ।

. ਅਕਲ, ਮੱਤ, ਬੁੱਧੀ, ਸਿਆਣਪ, ਸੰਜਮ ਵਰਤ ਕੇ ਹੀ ਚੰਗੀ ਪੜ੍ਹਾਈ ਕੀਤੀ ਜਾ ਸਕਦੀ ਹੈ/ਪੜ੍ਹਿਆ ਜਾ ਸਕਦਾ ਹੈ। ਚੰਗੀ ਪੜ੍ਹਾਈ ਕਰਕੇ ਹੀ, ਕਿਸੇ ਵਿਸ਼ੇ ਬਾਰੇ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ, ਬੁੱਝਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ।

. ਮਨੁੱਖ ਨੂੰ ਆਪਣੀ ਅਕਲ, ਮੱਤ, ਬੁੱਧੀ, ਸਿਆਣਪ, ਸੰਜਮ ਵਰਤ ਕੇ ਹੀ '**ਦਾਨ**' ਕਰਨਾ ਚਾਹੀਦਾ ਹੈ।

{{{**ਦਾਨ=** ਆਪਣੀ ਦੱਸਾਂ-ਨਹੁੰਆਂ ਨਾਲ ਕੀਤੀ ਕਮਾਈ, ਭਾਵ ਹੱਕ-ਹਲਾਲ ਦੀ ਕਮਾਈ, ਖ਼ੂਨ ਪਸੀਨਾ ਬਹਾ ਕੇ ਕੀਤੀ ਕਮਾਈ, ਦੇ ਵਿਚੋਂ ਆਪਣੀਆਂ, ਆਪਣੇ ਪ੍ਰੀਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ, ਅਗਰ ਤੁਹਾਡੇ ਪਾਸ ਉਸ ਕਮਾਈ ਦਾ ਕੁੱਝ ਹਿੱਸਾ ਵੱਧਦਾ ਹੈ, ਬੱਚਦਾ ਹੈ, ਤਾਂ ਉਸ ਹਿੱਸੇ ਨੂੰ ਆਪਣੀ **ਅਕਲ, ਮੱਤ, ਬੁੱਧੀ, ਸਿਆਣਪ, ਸੰਜਮ** ਵਰਤ ਕੇ, ਕਿਸੇ ਲੋੜਵੰਦ ਦੀ ਮਦਦ ਕਰਨਾ ਕਰੋ, ਲੋਕ ਭਲਾਈ ਦੇ ਕੰਮ ਕਰਨਾ ਕਰੋ।

. ਲੋੜਵੰਦ ਦੀ ਪਹਿਚਾਣ ਕਰਨਾ, ਤੁਹਾਡੀ ਆਪਣੀ **ਅਕਲ, ਮੱਤ, ਬੁੱਧੀ, ਸਿਆਣਪ, ਸੰਜਮ** ਉੱਪਰ ਨਿਰਭਰ ਕਰਦਾ ਹੈ। ਦਾਨ ਦੇਣਾ ਜਾਂ ਕਿਸੇ ਲੋੜਵੰਦ ਦੀ ਮਦਦ ਕਰਨਾ, ਇਹ ਤੁਹਾਡਾ ਨਿਜ਼ੀ ਮਾਮਲਾ/ਮਸਲਾ ਹੈ। ਇਸ ਕੰਮ/ਕਾਰਜ਼ ਲਈ ਤੁਹਾਡੇ ਉੱਪਰ ਕੋਈ ਹੋਰ ਦੂਜਾ ਮਨੁੱਖ, ਕਿਸੇ ਤਰਾਂ ਦਾ ਕੋਈ ਦਬਾਅ ਨਹੀਂ ਪਾ ਸਕਦਾ, ਨਾ ਹੀ ਕਿਸੇ ਹੋਰ ਦੇ ਦਬਾਅ ਵਿੱਚ ਆ ਕੇ ਆਪਣੀ ਖ਼ੂਨ-ਪਸੀਨ, ਹੱਕ-ਹਲਾਲ ਦੀ ਕੀਤੀ ਕਮਾਈ ਨੂੰ ਅਜਾਂਈ ਗਵਾਉਣਾ ਚਾਹੀਦਾ ਹੈ। ਇਹ ਕਾਰਜ਼/ਕੰਮ ਤੁਸੀਂ ਆਪਣੀ ਨਿਜ਼ੀ ਹੈਸੀਅਤ ਨੂੰ ਸਾਹਮਣੇ ਰੱਖਦੇ ਹੋਏ, ਆਪਣੇ ਆਪ ਦੀ '**ਖ਼ੁਸ਼ੀ**' ਲਈ ਕਰਨਾ ਹੈ। ਇਹ ਆਵਾਜ਼ ਤੁਹਾਡੇ ਆਪਣੇ ਅੰਦਰੋਂ ਆਵੇ, ਕਿ ਮੈਂ ਇਸ ਕਾਬਿਲ ਹਾਂ, ਮੇਰੇ ਪਾਸ ਇਤਨੀ ਹੈਸੀਅਤ ਹੈ, ਕਿ ਫਲਾਂ-ਫਲਾਂ ਲੋੜਵੰਦ ਦੀ ਮਦਦ ਕਰ ਸਕਦਾ ਹਾਂ। ਸਮਾਜ ਵਿਚੋਂ ਕਿਸੇ ਲੋੜਵੰਦ ਜਾਂ ਲੋੜਵੰਦ ਪਰੀਵਾਰ ਦੀ ਚੋਣ ਕਰਨਾ, ਇਹ ਤੁਹਾਡਾ ਆਪਣਾ ਫੈਸਲਾ ਹੈ, ਇਹ ਫੈਸਲਾ ਲੈਣ ਵਿੱਚ ਤੁਸੀਂ ਆਪਣੀ ਅਕਲ, ਮੱਤ, ਬੁੱਧ, ਸਿਆਣਪ ਦੀ ਵਰਤੋਂ ਕਰਕੇ ਲਿਆ ਹੈ। ਕੋਈ ਪਛਤਾਵਾ ਨਹੀਂ ਹੋਣਾ ਚਾਹੀਦਾ।}}}

. ਨਾਨਕ ਜੀ ਫ਼ੁਰਮਾਅ ਰਹੇ ਹਨ, ਕਿ ਇਸ ਤਰਾਂ ਅਕਲ, ਮੱਤ, ਬੁੱਧੀ, ਸਿਆਣਪ, ਸੰਜਮ ਵਰਤ ਕੇ, ਲੋਕ ਭਲਾਈ ਦੇ ਕੰਮ ਕਰਨ ਵਿੱਚ ਹੀ ਆਪਣਾ ਅਤੇ ਸਮਾਜ ਦਾ ਭਲਾ ਹੈ। ਸਾਰਿਆਂ ਵਿੱਚ ਪ੍ਰੇਮ-ਪਿਆਰ, ਆਪਣਾਪਣ, ਆਦਰ, ਮਾਣ-ਸਤਿਕਾਰ ਬਣਿਆ ਰਹਿੰਦਾ ਹੈ। ਬਾਕੀ ਹੋਰ ਚਾਲਾਕੀਆਂ, ਮੱਕਾਰੀਆਂ, ਫਰੇਬੀਆਂ ਭਰੇ ਕਰਮ ਤਾਂ ਸ਼ੈਤਾਨ ਮਨੁੱਖ ਕਰੀ ਹੀ ਜਾ ਰਹੇ ਹਨ।

** "ਗੁਰਮੱਤ" ਅਨੁਸਾਰੀ ਚੰਗੇ ਗੁਣਾਂ ਨੂੰ ਧਾਰਨ ਕਰਕੇ ਹੀ ਮਨੁੱਖਾ ਜੀਵਨ ਵਿੱਚ '**ਸਚਿਆਰਤਾ**' ਧਾਰਨ ਕੀਤੀ ਜਾ ਸਕਦੀ ਹੈ। **"ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥ ਮ1॥ 25॥**
{{ਦੁਨੀਆ: ਮਨੁੱਖ, ਲੋਕ, ਇਨਸਾਨ, ਬਾਕੀ ਖਾਣੀਆਂ ਦੇ ਜੀਵ-ਜੰਤੂ, ਪਸ਼ੂ-ਪੰਛੀ, ਜਾਨਵਰ, ਪੇੜ-ਪੌਦੇ।

{{ਦਰਗਹ- **ਇਹੀ/ਇਸੇ/ਇਥੇ, ਸੰਸਾਰ/ਦੁਨੀਆਂ ਵਿੱਚ ਵਿਚਰਦੇ ਮਨੁੱਖ, ਜੀਵ-ਜੰਤੂ, ਪਸ਼ੂ-ਪੰਛੀ, ਪੇੜ-ਪੌਦੇ, ਕੁੱਦਰਤੀ ਨਜ਼ਾਰੇ ਸਾਰੇ 'ਰੱਬ' ਦੀ ਦਰਗਾਹ ਹਨ। ਇਹਨਾਂ ਨਾਲ ਰਹਿਣਾ, ਬਹਿਣਾ, ਉਠਣਾ, ਖਾਣਾ, ਪੀਣਾ, ਵਰਤਣਾ, ਬੋਲਣਾ, ਚਾਲਣਾ, ਇੱਕ ਦੂਜੇ ਦੀ ਦੇਖਭਾਲ, ਲਾਲਨ-ਪਾਲਨ ਕਰਨਾ 'ਰੱਬ' ਦੀ ਦਰਗਹ ਵਿੱਚ 'ਅਨੰਦ' ਮਾਨਣ ਦੇ ਤੁੱਲ ਹੈ, ਬਰਾਬਰ ਹੈ, ਨਿਆਈਂ ਹੈ, ਸਵਰੱਗ ਹੈ, ਬਹਿਸ਼ਤ ਹੈ। ਇਸੇ ਸੰਸਾਰ/ਦੁਨੀਆਂ ਵਿੱਚ ਹੀ ਸਵਰੱਗ/ਨਰਕ ਹੈ, ਹੋਰ ਕਿਧਰੇ ਕੋਈ ਸਵਰੱਗ /ਨਰਕ ਨਹੀਂ ਹਨ। ** ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥ ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥ ਕਬੀਰ ਜੀ॥ 969॥**}}

**##; ਸੇਵਾ:** ਕਿਸੇ ਲੋੜਵੰਦ ਦੀ ਮਦਦ ਕਰਨਾ, ਦੇਖਭਾਲ ਕਰਨੀ, ਖ਼ਿੱਦਮਤ ਕਰਨਾ, ਆਦਰ ਦੇਣਾ।

. ਇਹ ਸੇਵਾ/ਕੰਮ/ਕਰਮ, . . . ਬਿਨਾਂ ਪੈਸੇ ਲਏ 'ਫਰੀ' 'ਮੁਫ਼ਤ' ਵਿੱਚ ਵੀ ਕੀਤਾ ਜਾ ਸਕਦਾ ਹੈ, ਜਾਂ ਫਿਰ ਕੋਈ ਹੋਰ ਮਨੁੱਖ, ਬਜ਼ੁਰੱਗ, ਲੋੜਵੰਦ, ਸਰੀਰਿੱਕ ਪੱਖੋਂ ਕਮਜ਼ੋਰ, ਤੁਹਾਨੂੰ ਪੈਸੇ ਦੇ ਕੇ ਵੀ ਤੁਹਾਡੀਆਂ ਸੇਵਾਵਾਂ ਲੈ ਸਕਦਾ ਹੈ। ਕਿਸੇ ਹੋਰ ਦੂਜੇ ਮਨੁੱਖ ਦੇ ਕੰਮ ਆਉਣਾ ਜਾਂ ਨਾ ਆਉਂਣਾ, ਸੇਵਾ ਕਰਨੀ ਜਾਂ ਨਾ-ਕਰਨੀ, ਇਹ ਹਰ ਕਿਸੇ ਮਨੁੱਖ ਦਾ ਨਿਜ਼ੀ ਮਾਮਲਾ ਹੈ, ਮਸਲਾ ਹੈ।

** ਸਮਾਜ ਵਿੱਚ ਲੋਕਾਈ ਦੀ ਸੇਵਾ ਕਰਨ ਦੇ ਬਹੁਤ ਸਾਰੇ ਰਸਤੇ ਹਨ ਅਤੇ ਲੋਕ ਸੇਵਾ/ਲੋਕ ਭਲਾਈ ਕੰਮ ਕਰਦੇ ਵੀ ਹਨ। ਇਸ ਲੋਕ ਭਲਾਈ ਦੀ ਸੇਵਾ ਦੇ ਨਾਲ ਨਾਲ, ਇਸ ਲੋਕ ਭਲਾਈ ਦੀ ਸੇਵਾ ਤੋਂ ਇਲਾਵਾ ਬਹੁਤ ਸਾਰੇ ਵਿਹਲੜ ਅਨਪੜ੍ਹ ਅਗਿਆਨੀ ਡੇਰੇਦਾਰ ਸਾਧੜਿਆਂ ਨੇ ਇਸ 'ਸੇਵਾ' ਅੱਖਰ ਦੇ ਮੂਹਰੇ/ਅੱਗੇ ਲਫਜ਼ 'ਕਾਰ' ਲਾ ਕੇ ਇਸਨੂੰ "ਕਾਰ-ਸੇਵਾ" ਬਣਾ ਲਿਆ ਹੈ। ਕਰ ਮਤਲਭ -ਹੱਥ, ਕਰ ਤੋਂ ਬਣਿਆ ਕਾਰ, ਮਤਲਭ ਹੱਥਾਂ ਨਾਲ ਕਰਨ ਵਾਲਾ ਕੰਮ/ਸੇਵਾ। (ਤੁਹਾਡੀ ਕੀਤੀ ਕਰ-ਸੇਵਾ ਹੀ ਵਿਹਲੜ ਸਾਧੜਿਆਂ ਦੇ ਲਈ 'ਕਾਰ' ਸੇਵਾ ਹੈ। ਭਾਵ ਤੁਹਾਡੇ ਪੈਸਿਆਂ ਨਾਲ ਹੀ ਐਸ਼-ਆਰਾਮ ਲਈ ਏਅਰ ਕੰਡੀਸ਼ਨ 'ਕਾਰਾਂ' ਖਰੀਦੀਆਂ ਜਾਣੀਆਂ ਹਨ)




. ਵਿਹਲੜ ਸਾਧੜਿਆਂ ਨੇ ਇਸ ਲਫਜ਼ 'ਕਾਰ-ਸੇਵਾ' ਦੀ ਦੁਰਵਰਤੋਂ ਕਰਕੇ ਬਹੁਤ ਲਾਹਾ ਲਿਆ ਹੈ ਅਤੇ ਲਾਹਾ ਲੈ ਰਹੇ ਹਨ। (ਅਗਿਆਨੀਆਂ ਤੋਂ ਕਰੋੜਾਂ ਰੁਪਏ ਬਣਾਏ ਅਤੇ ਬਣਾਉਂਦੇ ਰਹਿਣਗੇ)

- ਕਦੇ ਪੈਸਿਆਂ/ਨੋਟਾਂ ਦੀ ਉਗਰਾਹੀ ਕਰਨ ਲਈ।
- ਕਦੇ ਪੁਰਾਣੀਆਂ ਇਤਿਹਾਸਿੱਕ ਯਾਦਗਾਰਾਂ ਢਾਅ ਕੇ ਨਵੀਆਂ ਬਿੱਲਡਿੰਗਾਂ ਬਨਾਉਣ ਦੇ ਚੱਕਰ ਵਿਚ।
- ਕਦੇ ਆਪਣੇ ਡੇਰਿਆਂ ਦੇ ਲੈਂਟਰ ਪਾਉਣ ਲਈ।
- ਕਦੇ ਆਪਣੀ ਐਸ਼ ਪ੍ਰਸਤੀ, ਘੁੰਮਣ ਫਿਰਨ ਲਈ ਮਹਿੰਗੀਆਂ ਕਾਰਾਂ ਖ੍ਰੀਦਣ ਵਾਸਤੇ।

ਇਸ "ਕਾਰ-ਸੇਵਾ" ਲਫਜ਼ ਵਰਤਣ ਨਾਲ ਫਾਇਦਾ ਹੀ ਫਾਇਦਾ ਹੁੰਦਾ ਹੈ, ਲਾਭ ਹੀ ਲਾਭ ਹੈ। {ਨਾ ਹਿੰਗ ਲਗੇ ਨਾ ਫਟਕਰੀ, ਰੰਗ ਚੋਖਾ-ਚੋਖਾ।} ਜਿਥੇ ਮਰਜ਼ੀ "ਕਾਰ ਸੇਵਾ" ਵਾਲਾ ਬੋਰਡ/ਤੱਖਤੀ ਲਾ ਕੇ ਬੈਠ ਜਾਉ, ਪੈਸਿਆਂ ਲਈ ਤੁਹਾਡਾ ਰੱਖਿਆ ਟੋਕਰਾ ਸ਼ਾਮ ਤੱਕ ਨੋਟਾਂ/ਰੁਪਈਆਂ ਨਾਲ ਭਰ ਜਾਂਦਾ ਹੈ। ਖਰਚਾ ਕੀ ਆਇਆ, . . ਕੁੱਝ ਵੀ ਨਹੀਂ।

. ਡੇਰੇਦਾਰ ਵਿਹਲੜ ਬਾਬਿਆਂ ਦਾ ਇਹੀ ਧੰਧਾ ਬਹੁਤ ਫੱਲਿਆ-ਫੁਲਿਆ ਹੈ। ਕਿਸੇ ਵੀ ਡੇਰੇਦਾਰ ਦੇ ਡੇਰੇ ਚੱਲੇ ਜਾਉ। ਸਾਹਮਣੇ ਹੀ ਕੋਈ ਨਾ ਕੋਈ ਅਨਪੜ੍ਹ ਵਿਹਲੜ ਬਾਬਾ, ਥੱਲੇ ਆਸਣ ਲਾਈ ਇਸ ਫੋਟੂ ਵਾਲੇ  ਬਾਬੇ ਵਾਂਗ ਬੈਠਾ ਨਜ਼ਰ ਆਵੇਗਾ। ਕੋਲ ਹੀ ਦੋ ਡੱਬਿਆਂ ਵਿੱਚ ਫੁੱਲੀਆਂ-ਪਤਾਸ਼ੇ ਰੱਖੇ ਹੋਣਗੇ। 500 ਦਾ ਨੋਟ ਟੋਕਰੇ ਵਿੱਚ ਆਉਂਦੇ ਸਾਰ ਹੀ ਫੁੱਲੀਆਂ-ਪਾਤਸ਼ੇ ਵਾਲੇ ਡੱਬਿਆਂ ਦੇ ਢੱਕਣ ਖੁੱਲ ਜਾਂਦੇ ਹਨ, ਤੁਹਾਨੂੰ ਪ੍ਰਸਾਦ ਦੇਣ ਲਈ।

. ਪਾਖੰਡੀ ਬਾਬੇ ਨੇ, ਉਸਨੇ ਕੁੱਝ ਬੋਲਣਾ ਵੀ ਨਹੀਂ,

. ਪਾਖੰਡੀ ਬਾਬੇ ਨੇ, ਪੈਸੇ ਵੀ ਨਹੀਂ ਮੰਗਣੇ,

. ਪਾਖੰਡੀ ਬਾਬੇ ਨੇ, ਤੁਹਾਨੂੰ ਕੁੱਝ ਵੀ ਨਹੀਂ ਕਹਿਣਾ।

. ਕਿਉਂਕਿ ਟੋਕਰੇ ਦੇ ਸਾਹਮਣੇ ਰੱਖਿਆ "ਕਾਰ-ਸੇਵਾ" ਵਾਲਾ ਬੋਰਡ/ਤੱਖਤੀ ਹੀ ਤੁਹਾਨੂੰ ਵਾਜ਼ਾਂ ਮਾਰਨ ਵਾਸਤੇ ਕਾਫੀ ਹੈ।

. ਇਹਨਾਂ ਬੋਰਡਾਂ/ਤੱਖਤੀਆਂ ਉੱਪਰ ਪੂਰੀ ਡੀਟੇਲ ਵਿੱਚ ਸੇਵਾ ਬਾਰੇ ਲਿੱਖਿਆ ਹੁੰਦਾ ਹੈ। ਕਿਥੋਂ ਵਾਲਾ ਪਾਖੰਡੀ ਬਾਬਾ ਹੈ? ? ਅਤੇ

. ਇਥੇ ਕਿਉਂ ਅਤੇ ਕਿਸ ਪਾਖੰਡੀ-ਸੇਵਾ ਲਈ ਬੈਠਾ ਹੈ? ? (ਸੇਵਾ ਲਈ ਭਾਵ ਤੁਹਾਡੀ ਜੇਬ ਹਲਕੀ ਕਰਨ ਲਈ।)

1। ਸੇਵਾ ਪੈਸਿਆਂ ਦੀ ਚਾਹੀਦੀ ਹੈ, ਜਾਂ
2। ਸੇਵਾ ਸੋਨੇ ਦੀ ਚਾਹੀਦੀ ਹੈ, ਜਾਂ
3। ਸੇਵਾ ਲੀੜੇ ਕਪੜੇ ਦੀ ਚਾਹੀਦੀ ਹੈ, ਜਾਂ
4। ਸੇਵਾ ਖਾਣ ਪੀਣ ਵਾਲੇ ਪਦਾਰਥਾਂ ਦੀ ਚਾਹੀਦੀ ਹੈ, ਜਾਂ
5। ਸੇਵਾ ਪਸ਼ੂਆਂ (ਜਿਆਦਾਤਰ ਗਾਵਾਂ) ਲਈ ਹਰੇ ਚਾਰੇ ਦੀ ਚਾਹੀਦੀ ਹੈ, ਜਾਂ
6। ਸੇਵਾ ਡੇਰੇ ਦਾ ਲੈਂਟਰ ਪਾਉਣ ਲਈ ਲੋਹਾ, ਸੀਮਿੰਟ, ਸਰੀਆਂ, ਗਾਰਡਰ, ਰੇਤਾ, ਇੱਟਾਂ, ਮਿੱਟੀ ਦੀ ਚਾਹੀਦੀ ਹੈ, ਜਾਂ
7। ਸੇਵਾ ਮਹਾਂ-ਪੁਰਖਾਂ/ਮੂਰਖਾਂ ਦੀਆਂ ਬਰਸੀਆਂ ਜਾਂ ਜਨਮ ਦਿਹਾੜੇ ਮਨਾਉਣ ਲਈ।
8। ਖ਼ੈਰ… ਪੈਸੇ ਇਕੱਠ ਕਰਨ ਲਈ ਤਾਂ ਹਜ਼ਾਰਾਂ ਬਹਾਨੇ ਬਣਾਏ ਜਾ ਸਕਦੇ ਹਨ।
9। ਸੇਵਾਵਾਂ ਇਹਨਾਂ ਡੇਰੇਦਾਰਾਂ ਦੀਆਂ ਅਨੇਕਾਂ ਕਿਸਮਾਂ ਦੀਆਂ ਹੁੰਦੀਆਂ ਹਨ।

. ਟੋਕਰੇ ਦੇ ਸਾਹਮਣੇ ਰੱਖਿਆ ਬੋਰਡ/ਤੱਖਤੀ ਤੁਹਾਨੂੰ ਆਪਣੇ ਵੱਲ ਖਿੱਚ ਰਿਹਾ ਹੁੰਦਾ ਹੈ। ਇਸ 'ਕਾਰ-ਸੇਵਾ' ਵਾਲੇ ਬਾਬੇ ਦੇ ਕੋਲ ਦੀ ਲੰਘਦੇ-ਲੰਘਦੇ, . . . . ਬੋਰਡ/ਤੱਖਤੀ ਨੂੰ ਪੜ੍ਹਦੇ ਸਾਰ ਤੁਹਾਡੇ ਅੰਦਰ ਇੱਕ ਯੁੱਧ/ਕਸ਼ਮਕਸ਼ ਚੱਲ ਪੈਂਦਾ ਹੈ, ਕਿ ਮੈਂ ਸੇਵਾ 'ਕਰਾਂ' ਜਾਂ 'ਨਾ ਕਰਾਂ'।

- ਅਗਰ ਸੇਵਾ ਨਾ ਕੀਤਾ ਤਾਂ ਕਿਤੇ 'ਰੱਬ' ਜੀ ਨਾ ਨਾਰਾਜ਼ ਹੋ ਜਾਣ. . . ।
- ਅਗਰ ਸੇਵਾ ਨਾ ਕੀਤੀ ਤਾਂ ਕਿਤੇ ਕੋਈ ਮਾੜਾ ਨਾ ਹੋ ਜਾਏ. . . ।
- ਅਗਰ ਸੇਵਾ ਨਾ ਕੀਤੀ ਤਾਂ ਘਰ ਵਿੱਚ ਕੋਈ ਔਹਰ ਨਾ ਆ ਜਾਏ. . . ।
- ਅਗਰ ਸੇਵਾ ਨਾ ਕੀਤੀ ਤਾਂ ਮੇਰੀ ਨੌਕਰੀ ਨਾ ਚਲੀ ਜਾਏ. . . ।
- ਅਗਰ ਸੇਵਾ ਨਾ ਕੀਤੀ ਤਾਂ ਜੁਆਕ ਕਲਾਸ ਵਿਚੋਂ ਫੇਲ ਨਾ ਹੋ ਜਾਣ. . ।
- ਅਗਰ ਸੇਵਾ ਨਾ ਕੀਤੀ ਤਾਂ. . . . . ? ? ? । (ਕਿੰਨ੍ਹੇ ਹੀ ਤਰਾਂ ਦੇਡਰ ਮਨੁੱਖ ਦੀ ਜਿੰਦਗੀ ਨਾਲ ਜੁੜੇ ਹਨ)
- ਅਗਰ ਸੇਵਾ ਨਾ ਕੀਤੀ ਤਾਂ. . . . . ? ? ? । (ਕੋਈ ਨਾ ਕੋਈ ਡਰ ਤੁਹਾਨੂੰ ਮਜ਼ਬੂਰ ਕਰੇਗਾ।)

- ਇਸੇ 'ਡਰ' ਨੇ ਤੁਹਾਨੂੰ ਮੋੜ ਕੇ ਉਸੇ ਕਾਰ ਸੇਵਾ ਵਾਲੇ ਬਾਬੇ ਦੇ ਟੋਕਰੇ ਕੋਲ ਲੈ ਆਉਣਾ ਹੈ। ਫਿਰ 100/500/1000 ਦਾ ਨੋਟ ਤਾਂ ਟੋਕਰੇ ਵਿੱਚ ਆ ਹੀ ਡਿੱਗੇਗਾ।
- ਕਈ ਅਗਿਆਨੀ ਅਨਪੜ੍ਹ ਬੀਬੀਆਂ ਤਾਂ ਆਪਣੇ ਸੋਨੇ ਦੇ ਜ਼ੇਵਰ/ਗਹਿਣੇ ਵੀ ਉਸ ਵਿਹਲੜ ਬਾਬੇ ਦੇ ਟੋਕਰੇ ਦੇ ਹਵਾਲੇ ਕਰ ਆਉਂਦੀਆਂ ਹਨ, ਸੋਨੇ ਦੀ ਸੇਵਾ ਲਈ।
- ਕੀ ਡੇਰਿਆਂ, ਗੁਰਦੁਆਰਿਆਂ ਵਿੱਚ ਸੋਨੇ ਦੇ ਗੁੰਬਦ ਲਗਾਉਣੇ ਜਰੂਰੀ ਹਨ? ? ? ?
- ਬਿੱਲਕੁੱਲ ਵੀ ਨਹੀਂ।
- ਕੀ ਬਾਬੇ ਨਾਨਕ ਦਾ ਫਲਸ਼ਫਾ 'ਗੁਰਮੱਤ-ਗਿਆਨ' ਸਿੱਖ ਨੂੰ ਅਜੇਹਾ ਸੁਨੇਹਾ/ਸੰਦੇਸ਼/ਗਿਆਨ ਦਿੰਦਾ ਹੈ? ? ? ? ? ?
- ਕਈ ਪਰੀਵਾਰ ਤਾਂ ਬਾਲ-ਬੱਚਾ ਲੈਣ ਦੇ ਚਾਹ ਵਿੱਚ ਲੱਖਾਂ ਰੁਪਏ ਦੇ ਚੈੱਕ ਵੀ ਬੇਕਾਰ ਸੇਵਾ ਵਾਲੇ ਬਾਬੇ ਦੇ ਟੋਕਰੇ ਦੇ ਹਵਾਲੇ ਕਰ ਆਉਂਦੇ ਹਨ। ਸ਼ਾਇਦ ਇਸ ਤਰਾਂ ਉਹਨਾਂ ਦੀ ਇੱਛਾ ਪੂਰੀ ਹੋ ਜਾਏ।

. ਹੁਣ ਤੁਸੀਂ ਆਪ ਹੀ ਸੋਚੋ, ਕਿ ਇਹ ਕਾਰ ਸੇਵਾ ਵਾਲਾ ਧੰਧਾ ਕਿਹੜੇ ਪਾਸਿਉਂ ਮਾੜਾ ਹੈ? ? ਨਹੀਂ ਨਾ. . । **ਕਿਸੇ ਪਾਸਿਉਂ ਵੀ ਨਹੀਂ**। ਸ਼ਾਮ ਨੂੰ ਸਮਾਪਤੀ ਤੋਂ ਬਾਅਦ ਵਿਚ, ਮੇਨ ਵੱਡੇ ਪਾਖੰਡੀ ਬਾਬੇ ਨੇ ਇਸ ਬਿਠਾਏ ਦਿਹਾੜੀਦਾਰ ਨੂੰ, ਇਸੇ ਟੋਕਰੇ ਵਿੱਚ ਇਕੱਠੀ ਕੀਤੀ ਮਾਇਆ ਵਿਚੋਂ ਦਿਹਾੜੀ ਦੇ ਕੇ ਤੋਰ ਦੇਣਾ ਹੈ। ਵੱਡੇ ਬੂਬਨੇ ਦੀ ਜ਼ੇਬ ਤੇ ਕੀ ਬੋਝ ਪਿਆ – 0, ਭਾਵ ਕੁੱਝ ਵੀ ਨਹੀਂ। ਪੂਰੇ ਦਿਨ ਪੰਜ ਹਜ਼ਾਰ ਸਰਧਾ-ਉਲੂਆਂ ਵਿਚੋਂ ਹਜ਼ਾਰ ਤਾਂ ਬੁੱਧੂ ਬਨਣਗੇ, ਉਹ ਕੁੱਝ ਨਾ ਕੁੱਝ ਦੇ ਕੇ ਹੀ ਜਾਣਗੇ। ਸ਼ਰਧਾ-ਉਲੂਆਂ ਵਿਚੋਂ ਪੰਜਾਹ ਤੋਂ ਘੱਟ ਕੋਈ ਮੱਥਾ ਨਹੀਂ ਟੇਕਦਾ। 1000x50= 50,000 ਰੁਪਏ ਟੋਕਰੇ ਵਿੱਚ ਆ ਗਏ। ਹੋ ਗਏ ਨਾ ਬੇਕਾਰ ਸੇਵਾ ਵਾਲੇ ਬਾਬੇ ਦੇ ਵਾਰੇ-ਨਿਆਰੇ।

. ਅੱਗਲੇ ਦਿਨ ਫਿਰ ਸਵੇਰੇ ਉੱਠ ਆਲੂਆਂ ਵਾਲੇ ਪਰੋਠੇ ਖਾ ਕੇ, ਉਹ ਦਿਹਾੜੀਦਾਰ ਅਨਪੜ੍ਹ ਬਾਬੇ ਨੇ ਆਪਣਾ ਟੋਕਰਾ ਲੈ ਕੇ ਬੈਠ ਜਾਣਾ ਹੁੰਦਾ ਹੈ। ਸੋ ਇਹ ਕਾਰ-ਸੇਵਾ ਵਾਲੇ ਬਾਬਿਆਂ ਦਾ ਰੁਪਈਏ ਇਕੱਠੇ ਕਰਨ ਵਾਲਾ ਧੰਧਾ ਬੜਾ ਕਾਰਗਰ ਧੰਧਾ ਹੈ।

**. ਇਸ ਰੁਪਈਏ/ਨੋਟ ਇਕੱਠੇ ਕਰਨ ਵਾਲੇ ਧੰਧੇ ਦੇ ਨਾਲ ਨਾਲ ਇਹਨਾਂ ਵਿਹਲੜ ਠੱਗਾਂ ਨੇ ਪੁਰਾਣੀਆਂ ਇਤਿਹਾਸਿਕ ਇਮਾਰਤਾਂ ਨੂੰ ਢਾਹੁਣ ਦਾ ਕੰਮ ਵੀ ਕਾਰ-ਸੇਵਾ ਤਹਿਤ ਸ਼ੁਰੂ ਕੀਤਾ ਹੋਇਆ ਹੈ।**

## ਬੇ-ਕਾਰ-ਸੇਵਾ ਬਾਬਿਆਂ ਵਲੋਂ ਇੱਤਿਹਾਸਿਕ ਇਮਾਰਤਾਂ ਕੀਤੀ ਜਾ ਰਹੀ ਤਬਾਹੀ।

. ਕੌਮੀ ਇਤਿਹਾਸਿਕ ਯਾਦਗਾਰਾਂ ਨੂੰ ਤੋੜ ਕੇ, ਮਲੀਆ ਮੇਟ ਕਰਕੇ, ਉਹਨਾਂ ਦੀ ਜਗਹ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਉਣੀ, ਖੜੀਆਂ ਕਰਨੀਆਂ। ਨਵੀਆਂ ਇਮਾਰਤਾਂ ਨੂੰ ਸੰਗਮਰਮਰ ਦੇ ਨਾਲ ਸਜਾਉਣਾ।

. ਕੌਮੀ ਇਤਿਹਾਸਿਕ ਯਾਦਗਾਰਾਂ ਕਿਸੇ ਵੀ ਕੌਮ ਦਾ ਸਰਮਾਇਆ ਹੁੰਦਾ ਹੈ। ਇਹਨਾਂ ਪੁਰਾਣੀਆਂ ਇਤਿਹਾਸਿਕ ਯਾਦਗਾਰਾਂ ਨਾਲ ਕਿਸੇ ਵੀ ਕੌਮ ਦਾ ਸੰਘਰਸ਼ ਭਰਿਆ ਇੱਕ ਲੰਬਾ ਸਫ਼ਰ ਜੁੜਿਆ ਹੁੰਦਾ ਹੈ, ਜੋ ਕੌਮ ਦੀ ਸਲਾਮਤੀ ਦੀ ਖਾਤਿਰ, ਕੌਮੀ ਮਰਜੀਵੜਿਆਂ ਵਲੋਂ ਕੀਤੀਆਂ ਕੁਰਬਾਨੀਆਂ/ਜਦੋਜਹਿਦ ਦੀਆਂ ਯਾਦਾਂ ਤਾਜ਼ੀਆਂ ਕਰਵਾਉਂਦੀਆਂ ਹਨ।।

. ਅਫ਼ਸੋਸ! ! ਸਿੱਖ ਕੌਮ ਵਿੱਚ ਅੱਜ ਵੀ ਆਪਣੇ ਵਿਰਸੇ-ਵਿਰਾਸਤ ਨੂੰ ਲੈ ਕੇ ਕੋਈ ਅਜੇਹੀ ਜਾਗਰਤੀ ਨਹੀਂ ਆਈ, ਕਿ ਆਪਣਾ ਬੁਰਾ-ਭਲਾ ਸੋਚ ਸਕੇ। , ਸਿੱਖ ਕੌਮ ਸੁੱਤੀ ਹੋਈ ਕੌਮ ਹੈ, ਸਿੱਖ ਕੌਮ ਨੂੰ ਆਪਣੇ ਨਫ਼ੇ-ਨੁਕਸਾਨ ਦਾ ਕੋਈ ਇਲਮ ਨਹੀਂ ਹੈ। ਅਨਪੜ੍ਹਤਾ, ਅਗਿਆਨਤਾ ਕਰਕੇ ਸਾਨੂੰ ਆਪਣੀ ਕੌਮ ਨਾਲ ਕੀਤੇ ਜਾ ਰਹੇ ਵਿਤਕਰਿਆਂ ਦਾ ਇੱਲਮ ਹੀ ਨਹੀਂ। ਸਿੱਖ ਕੌਮ ਖਤਮ ਤਾਂ ਨਹੀਂ ਹੋ ਸਕਦੀ, ਪਰ ਭਾਰਤ ਵਿੱਚ ਜਿਸ ਤਰਾਂ ਨਾਲ ਸਲੂਕ, ਵਿਤਕਰਾ ਸਿੱਖ ਕੌਮ ਨਾਲ ਕੀਤਾ ਜਾ

ਰਿਹਾ ਹੈ, ਉਹ ਚਿੰਤਾਜਨਕ ਹੈ। ਇਸ ਭੇਦ ਭਰੇ ਵਰਤਾਰੇ ਵਿਚੋਂ ਦੂਰਗਾਮੀ ਚੰਗੇ ਸਿੱਟਿਆਂ ਦੀ ਸੰਭਾਵਨਾ/ਆਸ ਘੱਟ ਹੀ ਨਜ਼ਰ ਆਉਂਦੀ ਹੈ।

. ਆਜ਼ਾਦੀ ਤੋਂ ਬਾਦ ਵਿੱਚ ਇਸ ਸਿੱਖ ਕੌਮ ਨਾਲ ਬਹੁਤ ਧੋਖੇ ਕੀਤੇ ਜਾ ਚੁੱਕੇ ਹਨ। ਧੋਖੇ ਕਰਨ ਵਾਲਿਆਂ ਵਿੱਚ ਆਪਣੇ ਵੀ ਸਨ ਅਤੇ ਬੇਗਾਨਿਆਂ ਨੇ ਤਾਂ ਦਗ਼ਾ ਕਮਾਉਣਾ ਹੀ ਸੀ। ਆਪਣਿਆਂ ਨੇ ਵੀ ਆਪਣਿਆਂ ਨਾਲ ਵਫਾਦਾਰੀਆਂ ਨਾ ਕਰਕੇ, ਗੱਦਾਰੀਆਂ ਕੀਤੀਆਂ। ਸਾਡੇ ਆਪਣੇ ਵਫਾਦਾਰੀਆਂ ਬੇਗਾਨਿਆਂ ਨਾਲ ਨਿਭਾ ਗਏ।




** ਅੱਜ ਵੀ ਸਿੱਖ ਸਮਾਜ ਵਿਚ ਅਜੇਹੀਆਂ ਕਾਲੀਆਂ ਭੇਡਾਂ ਹਨ, ਗੱਦਾਰ ਹਨ, ਜਿਹਨਾਂ ਨੇ ਭੇਖ ਤਾਂ ਇੱਕ ਸਿੱਖ ਵਾਲਾ ਬਣਾਇਆ ਹੋਇਆ ਹੈ, ਪਰ ਕਰਤੂਤਾਂ ਸਿੱਖੀ ਵਿਰੋਧੀ ਬੇਗਾਨਿਆਂ ਵਾਲੀਆਂ ਹਨ। ਸਿੱਖੀ ਦੇ ਨਿਘਾਰ ਵੱਲ ਨੂੰ ਜਾਣ ਦਾ ਰਾਹ ਪੱਧਰਾ ਕਰਦੇ ਵਿਖਾਈ ਦਿੰਦੇ ਹਨ। ਇਹ ਸਾਡੇ ਸਿੱਖ ਸਮਾਜ ਵਿੱਚ ਵਿਚਰਦੇ ਭੇਖੀ ਸਾਡੇ ਆਪਣੇ ਨਹੀਂ, ਗ਼ੈਰ ਹਨ, ਬੇਗਾਨੇ ਹਨ, ਸਿੱਖੀ ਵਿਰੋਧੀ ਹਨ।

. . ਸਿੱਖ ਸਮਾਜ ਵਿੱਚ ਆਪਣਿਆਂ ਵਾਗੂੰ ਵਿਚਰਦੇ, {{ਕਾਰ ਸੇਵਾ ਵਾਲੇ ਅਨਪੜ੍ਹ ਬਾਬੇ}} ਇਹ ਬੇਗਾਨਿਆਂ ਵਿੱਚ ਹੀ ਆਉਂਦੇ ਹਨ। ਇਹਨਾਂ ਨੇ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ।

. ਜਿਹਨਾਂ ਨੇ ਦੋ-ਚਾਰ ਨਹੀਂ, ਹਜ਼ਾਰਾਂ ਹੀ ਇਮਾਰਤਾਂ ਨੂੰ ਜ਼ਮੀਨਦੋਜ਼ ਕਰ ਦਿੱਤਾ।

. ਇਤਿਹਾਸਿਕ ਯਾਦਗਾਰਾਂ ਦਾ ਨਾਮੋ-ਨਿਸ਼ਾਨ ਮਿੱਟਾ ਦਿੱਤਾ।

. ਇਤਿਹਾਸਿਕ ਨਿਸ਼ਾਨੀਆਂ ਦਾ ਖੁਰਾ ਖੋਜ ਮਿੱਟਾ ਦਿੱਤਾ।

** ਉਪਰਲੀ ਤਸਵੀਰ ਵਿੱਚ ਆਪ ਜੀ ਵੇਖ ਸਕਦੇ ਹੋ ਉਹ ਪੁਰਾਤਨ ਇਮਾਰਤ ਅਤੇ ਨਾਲ ਦੀ ਤਸਵੀਰ ਵਿੱਚ ਬੇਕਾਰ ਸੇਵਾ ਵਾਲੇ ਬਾਬੇ ਇਮਾਰਤ ਦਾ ਨਾਮੋ ਨਿਸ਼ਾਨ ਮਿਟਾਉਣ ਵਿੱਚ ਲੱਗੇ ਹੋਏ ਹਨ।

. ਥੱਲੇ ਵਾਲੀ ਤਸਵੀਰ ਵਿੱਚ ਪੁਰਾਣੀਆਂ ਇਮਾਰਤਾਂ ਦੀ ਜਗਹ ਨਵੀਆਂ ਚਿੱਟੇ ਸੰਗਮਰਮਰ ਦੀਆਂ ਇਮਾਰਤਾਂ ਬਣ ਤਿਆਰ ਹੋ ਚੁਕੀਆਂ ਹਨ।




** ਥੋੜਾ ਸਮਾਂ ਪਹਿਲਾਂ ਹੀ ਤਰਨਤਾਰਨ ਸ਼ਹਿਰ ਵਿੱਚ ਇਤਿਹਾਸਿਕ ਡਿਉਡੀ, ਜੋ ਮਹਾਰਾਜਾ ਰਣਜੀਤ ਸਿੰਘ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਨੇ ਬਣਵਾਈ ਸੀ। ਇਸ ਇਤਿਹਾਸਿਕ ਡਿਉਡੀ ਨੂੰ ਵੀ ਬੇਕਾਰ ਸੇਵਾ ਵਾਲੇ ਬਾਬਿਆਂ ਨੇ ਤੋੜਨਾ ਸੁਰੂ ਕੀਤਾ। ਸਿੱਖ ਸੰਗਤਾਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ।

. . ਇਸ ਘਿਨੌਣੇ ਕੰਮ ਵਿੱਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਲੀ ਭੁਗਤ ਸਾਫ਼ ਨਜ਼ਰ ਆ ਰਹੀ ਸੀ। ਨਹੀਂ! ਕਿਸੇ ਦੀ ਕੀ ਮਜਾਲ ਕਿ ਕੋਈ ਐਰਾ-ਗੈਰਾ, ਨੱਥੂ-ਖੈਰਾ, ਇਸ ਤਰਾਂ ਦੀਆਂ ਇਤਿਹਾਸਿਕ ਨਿਸ਼ਾਨੀਆਂ ਦੀਆਂ ਤੋੜ ਭੰਨ ਕਰ ਸਕੇ।

. . ਸਿੱਖ ਸਮਾਜ ਵਿੱਚ ਬਹੁਤ ਸਾਰੇ ਸ਼ਰਧਾ-ਉਲੂ, ਇਹਨਾਂ ਬੇਕਾਰ-ਸੇਵਾ ਵਾਲਿਆਂ ਬਾਬਿਆਂ ਦੇ ਅੰਨੇ ਭਗਤ ਹਨ। ਜੋ ਇਹਨਾਂ ਵਿਹਲੜਾਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ, ਅਤੇ ਤੋੜ-ਭੰਨ ਦੀਆਂ ਕਾਰਵਾਈਆਂ ਵਿੱਚ ਸ਼ਾਮਿਲ ਹੁੰਦੇ ਹਨ।

. . ਇਸੇ ਕਰਕੇ ਹੇਠਲੀਆਂ ਤਸਵੀਰਾਂ ਵਿੱਚ ਤੁਸੀਂ ਵੇਖ ਸਕਦੇ ਹੋ, ਕਿਸ ਤਰਾਂ ਸਿੱਖ ਸਮਾਜ ਦੀਆਂ ਧਰੋਹਰਾਂ ਨੂੰ ਜ਼ਮੀਨ-ਦੋਜ਼ ਕੀਤਾ ਜਾ ਰਿਹਾ ਹੈ।

**. . ਇਸ ਪਿੱਛੇ ਕੌਣ? ? . ਕੌਣ ਇਸ ਤਰਾਂ ਦੀਆਂ ਤੋੜਭੰਨ ਦੀਆਂ ਕਾਰਵਾਈਆਂ ਕਰਵਾ ਰਿਹਾ ਹੈ? ? . ਕਿਸ ਨੂੰ ਫਾਇਦਾ ਹੋ ਸਕਦਾ ਹੈ? ? ?**

**. ਇਹਨਾਂ ਸਵਾਲਾਂ ਦੇ ਜਵਾਬ ਜਰੂਰ ਸਾਹਮਣੇ ਆਉਣੇ ਚਾਹੀਦੇ ਹਨ।**




** ਸਿੱਖ ਸਮਾਜ ਵਿੱਚ ਚੱਲ ਰਹੀਆਂ ਗੱਤੀ-ਵਿੱਧੀਆਂ ਨੂੰ ਵੇਖਦੇ ਹੋਏ, ਮਨ ਵਿੱਚ ਰੱਤੀ ਭਰ ਵੀ ਸ਼ੱਕ ਦੀ ਗੁਜ਼ਾਇਸ਼ ਨਹੀਂ ਰਹਿੰਦੀ, ਕਿ ਸਿੱਖ ਸਮਾਜ ਦੇ ਆਪੂੰ ਬਣੇ ਕਰਤਾ-ਧਰਤਾਵਾਂ ਨੇ ਸਿੱਖ ਕੌਮ ਨੂੰ 'ਨਾ ਘਰ ਦੀ ਨਾ ਘਾਟ ਦੀ' ਛੱਡਿਆ ਹੈ। ਸਿੱਖ-ਕੌਮ, ਬਿੱਪਰ ਦੀਆਂ ਥੋਥੀਆਂ/ਫੋਕੀਆਂ ਮਾਨਤਾਵਾਂ ਦੀ ਦਲਦਲ ਵਿੱਚ ਬੁੱਰੀ ਤਰਾਂ ਗ਼ਰਕ ਹੋ ਚੁੱਕੀ ਹੈ। ਕੋਈ ਵੀ ਪਾਸਾ ਨਹੀਂ ਬਚਿਆ।

. ਤੁਹਾਡੇ ਸਕੂਲਾਂ, ਤੁਹਾਡੇ ਗੁਰਦੁਆਰਿਆਂ, ਮੁੱਖ-ਧਾਰਮਿੱਕ ਸਥਾਨਾਂ, ਤੁਹਾਡੇ ਘਰਾਂ ਵਿਚ, ਇਥੋਂ ਤੱਕ ਕਿ ਤੁਹਾਡੇ ਵਿਚਾਰਾਂ ਵਿੱਚ ਮੰਨਮੱਤਾਂ ਵਾੜ ਦਿੱਤੀਆਂ ਗਈਆਂ ਹਨ।

. ਕਉਣ ਹਨ, ਇਹ ਮੰਨਮੱਤਾਂ ਕਰਨ-ਕਰਾਉਣ, ਸਿਖਾਉਣ ਵਾਲੇ ਲੋਕ. . . ? ? ? ?

. ਸਾਡੇ ਵਿੱਚ ਹੀ ਵਿਚਰਦੇ, ਸਾਡਾ ਵਾਲਾ ਭੇਖ ਬਣਾਕੇ, ਬਿੱਪਰ ਦੇ ਚੇਲੇ-ਚਾਪਟੇ, ਸਿੱਖੀ ਦੇ ਦੁਸ਼ਮਣ...

. ਅਗਰ ਸਿੱਖ ਕੌਮ ਨਾ ਜਾਗੀ. . . ਤਾਂ. . ਬੋਧ-ਧਰਮ ਦਾ ਹਸ਼ਰ ਵੇਖ ਲਉ, ਚੇਤੇ ਕਰ ਲਓ ...।

. ਬੜੀ ਡੂੰਗੀ ਸਾਜਿਸ਼ ਦੇ ਤਹਿਤ ਹੀ ਸਿੱਖੀ ਸਮਾਜ ਅਤੇ ਸਿੱਖੀ ਸਹਿਤ ਵਿੱਚ ਮਿਲਾਵਟਾਂ ਕਰਕੇ, ਸਿੱਖ ਸਮਾਜ ਅਤੇ ਆਉਣ ਵਾਲੀ ਨਵੀਂ ਸਿੱਖ ਪੀੜ੍ਹੀ ਨੂੰ ਰਾਹੋਂ ਕੁਰਾਹੇ ਪਾਇਆ ਜਾ ਰਿਹਾ ਹੈ।

. ਆਪਣੇ ਆਪ ਨੂੰ ਪੰਥ ਮੰਨਣ ਵਾਲੇ ਟਕਸਾਲੀ, ਸਾਰਾ ਵਿਹਲੜ ਡੇਰੇਦਾਰ ਲਾਣਾ, ਹੋਰ ਅਸੰਤ ਸਮਾਜ ਦੇ ਢੋਂਗੀ ਬਾਬੇ ਨਾਨਕ ਦੇ ਫਲਸ਼ਫੇ ਨੂੰ ਦਰ ਕਿਨਾਰੇ ਕਰਕੇ, ਦੁਤਕਾਰ ਕੇ ਬਿੱਪਰ ਦੇ ਰਾਹ ਪਰ ਚੱਲ ਰਹੇ ਹਨ।

. ਸਾਡੇ ਰਾਗੀ ਢਾਢੀ, ਪ੍ਰਚਾਰਕ, ਕਥਾਵਾਚਕ ਵੀ ਸਿੱਖ ਸਮਾਜ ਨੂੰ 'ਗੁਰਬਾਣੀ' 'ਗੁਰਮੱਤ-ਗਿਆਨ ਨਾਲ ਜੋੜਨਾ ਨਹੀਂ ਕਰ ਰਹੇ,

.'ਗੁਰਬਾਣੀ' ਦਾ 'ਸੱਚ' ਸਹੀ ਨਹੀਂ ਦੱਸ ਰਹੇ।

. 35 ਮਹਾਂ-ਪੁਰਸ਼ਾਂ ਦੇ 'ਸੱਚ' ਦੇ ਗਿਆਨ ਨੂੰ ਸਿੱਖ ਸੰਗਤਾਂ ਅੱਗੇ ਰੱਖਣ ਦੀ ਬਜਾਏ, ਬ੍ਰਾਹਮਣੀ ਤਰਜ਼ ਦੀਆਂ ਪੌਰਾਣਿਕ ਕਥਾਂ-ਕਹਾਣੀਆਂ ਨੂੰ 'ਗੁਰਮੱਤ' ਦੀ ਰੰਗਤ ਦੇ ਕੇ ਸਿੱਖ ਸਮਾਜ ਦੇ ਧਾਰਮਿੱਕ ਸਥਾਨਾਂ ਵਿੱਚ ਪ੍ਰਚਾਰਿਆ-ਪ੍ਰਸਾਰਿਆ ਜਾ ਰਿਹਾ ਹੈ।

. ਸਿੱਖ ਸੰਗਤਾਂ ਵਿੱਚ ਸਵਾਲ ਕਰਨ ਦੀ ਭਾਵਨਾ, ਆਦਤ, ਸੁਭਾਓ  ਨਾ ਹੋਣ ਕਰਕੇ ਕਦੇ ਕਿਸੇ ਨੇ ਹਿੰਮਤ ਨਹੀਂ ਕੀਤੀ ਕਿ ਸਵਾਲ ਕਰਕੇ ਇਹਨਾਂ ਪ੍ਰਚਾਰਕਾਂ ਨੂੰ ਪੁੱਛਿਆ ਜਾਵੇ ਕਿ ਸਾਨੂੰ ਸਹੀ 'ਗਰਮੱਤ' ਦਾ ਗਿਆਨ ਕਿਉਂ ਨਹੀਂ ਕਰਵਾਇਆ ਜਾਂਦਾ? ? ?

. ਗੁਰਦੁਆਰੇ ਜਾ ਕੇ ਸਿੱਖ ਸੰਗਤਾਂ ਵਿੱਚ ਵੀ ਇੱਕ 'ਡਰ' ਦੀ ਭਾਵਨਾ ਬਣੀ ਰਹਿੰਦੀ ਹੈ, ਕਿ ਸਾਡੇ ਤੋਂ ਕੋਈ ਗ਼ਲਤੀ ਨਾ ਹੋ ਜਾਏ। ਸਿੱਖ ਸ਼ਰਧਾ-ਉਲੂਆਂ ਨੂੰ ਸਰਧਾ/ਭਾਵਨਾ ਦੇ 'ਡਰ' ਦੀ ਐਸੀ ਗੁੜਤੀ ਮਿਲੀ ਹੈ ਕਿ ਸੰਗਤਾਂ ਚੁੱਪ-ਚਾਪ ਗਲਤ ਪ੍ਰਚਾਰ/ਪ੍ਰਸਾਰ ਨੂੰ ਵੀ ਬਰਦਾਸ਼ਤ ਕਰਦੀਆਂ ਰਹਿੰਦੀਆਂ ਹਨ।

. ਕੋਈ ਵੀਰ-ਭੈਣ ਧਾਰਨਿੱਕ ਸਥਾਨਾਂ ਦੀ ਸੰਗਤ ਵਿੱਚ ਬੋਲਣ ਦਾ ਹੀਆ ਨਹੀਂ ਕਰਦਾ।

. ਗੁਰਦੁਆਰਾ ਕਮੇਟੀਆਂ ਨੂੰ ਆਪਣੀ ਗੋਲਕ ਦੀ ਕਮਾਈ ਦਾ ਫਿੱਕਰ ਹੁੰਦਾ ਹੈ ਕਿ ਕਿਤੇ ਗੋਲਕ ਖਾਲੀ ਨਾ ਰਹਿ ਜਾਵੇ।

. ਪੂਰਾ ਸਿੱਖੀ ਨਿਜ਼ਾਮ ਵਿਗੜਨ ਦੇ ਵਿੱਚ ਸਾਡੀ ਆਪਣੀ ਅਗਿਆਨਤਾ, ਅਵੇਸਲਾਪਣ, ਅਨਪੜ੍ਹਤਾ, ਆਪਣੀਆਂ ਜਿੰਮੇਵਾਰੀਆਂ, ਫਰਜ਼ਾਂ ਨੂੰ ਆਪਣੀ ਕਾਬਲੀਅਤ ਨਾਲ ਨਾ ਨਿਭਾਉਣ ਕਰਕੇ ਬਣਿਆ ਹੈ।

. ਸਿੱਖ ਕੌਮ ਲਾਲਚੀ, ਸੁਆਰਥੀ, ਖ਼ੁਦਗਰਜ਼, ਬੇਈਮਾਨ, ਮੱਕਾਰ ਗੱਦਾਰਾਂ ਦੀ ਕਮੀ ਨਹੀਂ ਹੈ।

. ਇੱਕ ਲਭੋ. . ਹਜ਼ਾਰਾਂ ਲੱਭ ਜਾਣਗੇ।

. ਇਹ ਲੋਕ ਸਿੱਖੀ ਭੇਖ ਵਿੱਚ ਲੁਕੇ ਹੋਏ ਹਨ। ਵੇਖਣ ਨੂੰ ਸਿੱਖ ਸਰਦਾਰ, . . . . ਪਰ. . . ਅੰਦਰੋਂ ਪੂਰੇ ਮੱਕਾਰ, . . . . ਬਿੱਪਰ ਦੇ ਯਾਰ।

. . ਜਾਗਣਾ ਤਾਂ ਪੈਣਾ ਹੀ ਹੈ। ਚਾਹੇ ਦੇਰ ਜਾਗੋ, . . . ਚਾਹੇ ਸਵੇਰ ਜਾਗੋ।

** ਦੀਵਾਨ ਟੋਡਰ ਮੱਲ ਜੀ ਦਾ ਨਾਮ, ਸਿੱਖ ਕੌਮ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ, ਸਦਾ ਲਈ 'ਅਮਰ' ਨਾਮ ਹੈ। ਉਹਨਾਂ ਨਾਲ ਸਬੰਧਤ ਯਾਦਗਾਰਾਂ ਨੂੰ ਸੰਭਾਲਣਾ ਵੀ ਸਾਡਾ ਮੁੱਢਲਾ ਫਰਜ਼ ਹੈ। ਹੇਠਲੀ ਤਸਵੀਰ ਤੁਸੀਂ ਆਪ-ਬੀਤੀ ਵੇਖ ਸਕਦੇ ਹੋ।




- ਬੇਕਾਰ ਸੇਵਾ ਵਾਲਿਆਂ ਬਾਬਿਆਂ ਦੀਆਂ ਉਜਾੜੂ ਗਤੀ-ਵਿੱਧੀਆਂ ਤੋਂ ਬਚਾ ਕੇ ਇਹਨਾਂ ਯਾਦਗਾਰੀ ਇਮਾਰਤਾਂ ਦੀ ਸਾਂਭ-ਸੰਭਾਲ ਸਟੇਟ ਗੌਰਮਿੰਟ, ਆਪਣੀ ਦੇਖ-ਰੇਖ ਵਿੱਚ ਕਰੇ/ਕਰਵਾਏ।
- ਪੰਜਾਬ ਵਿੱਚ ਅੱਜ ਵੀ ਅਨੇਕਾਂ ਗੁਰਦੁਆਰਿਆਂ ਵਿੱਚ ਇਹ ਬੇਕਾਰ-ਸੇਵਾ ਵਾਲੇ ਬਾਬੇ ਆਪਣੇ ਟੋਕਰੇ ਲੈ ਕੇ ਬੈਠੇ ਵਿਖਾਈ ਦਿੰਦੇ ਹਨ। ਮਾਝੇ ਦੇ ਇਲਾਕੇ ਵਿੱਚ ਕੁੱਝ ਜਿਆਦਾ ਹੀ ਹਨ। ਅੰਮ੍ਰਿਤਸਰ, ਖਡੂਰ ਸਾਹਿਬ, ਗੋਇੰਦਵਾਲ

ਸਾਹਿਬ, ਬਾਬੇ ਬਕਾਲੇ, ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਬੀੜ ਬਾਬਾ ਬੁੱਢਾ ਸਹਿਬ ਜੀ, ਬਾਸਰਕੇ. . . . ਹੋਰ ਅਨੇਕਾਂ ਅਸਥਾਨ ਹਨ।

- ਪੰਜਾਬ ਵਿਚ, ਪੰਜਾਬ ਦੇ ਪਿੰਡਾਂ ਦੀ ਨਫ਼ਰੀ ਨਾਲੋਂ, ਇਹਨਾਂ ਵਿਹਲੜਾਂ ਦੇ ਡੇਰਿਆਂ ਦੀ ਗਿਣਤੀ ਜਿਆਦਾ ਹੈ।
- ਇਹਨਾਂ ਵਿਹਲੜਾਂ ਸਾਧੜਿਆਂ ਨੇ ਹੀ ਇਹ ਬੇਕਾਰ-ਸੇਵਾ ਵਾਲਾ ਧੰਧੇ ਨੂੰ ਈਜ਼ਾਦ ਕੀਤਾ ਹੈ।
- ਪੰਜਾਬ ਦੀ ਬਹੁਤੀ ਜਨਤਾ ਤਾਂ ਹੈ ਹੀ ਅਨਪੜ੍ਹ ਅਤੇ ਅਗਿਆਨੀ। ਖ਼ਾਸ ਕਰਕੇ ਪੰਜਾਬ ਦੇ ਪਿੰਡਾਂ ਦੀਆਂ ਬੀਬੀਆਂ ਤਾਂ ਇਸ ਕੈਟਾਗਰੀ ਵਿੱਚ ਜਿਆਦਾ ਆਉਂਦੀਆਂ ਹਨ। ਅਨਪੜ੍ਹਤਾ ਅਗਿਆਨਤਾ ਹੋਣ ਕਰਕੇ, ਉਹ ਜਿਆਦਾ ਉਹ ਡੇਰਿਆਂ ਵਾਲਿਆਂ ਬਾਬਿਆ ਦੀ ਸੇਵਾ ਵਿੱਚ ਜਿਆਦਾ ਹਾਜ਼ਰੀ ਭਰਦੀਆਂ ਹਨ।
- ਸੋ ਛਾਤਿਰ/ਚਾਲਾਕ ਬਾਬੇ ਪਹਿਲਾਂ ਏਹਨਾਂ ਚੇਲੀਆਂ ਬਾਲਕੀਆਂ ਨੂੰ ਆਪਣੇ ਚੁੰਗਲ ਵਿੱਚ ਫਸਾਉਂਦੇ ਹਨ।
- ਬੀਬੀਆਂ ਦੀਆਂ ਅਧੂਰੀਆਂ ਕਾਮਨਾਵਾਂ ਪੂਰੀਆਂ ਕਰਨ ਕਰਾਉਣ ਵਾਸਤੇ ਇਹ ਡੇਰੇਦਾਰ ਆਪਣੇ ਹਰ ਤਰਾਂ ਦੇ ਹੱਥਕੰਡੇ ਅਪਨਾਉਂਦੇ ਰਹਿੰਦੇ ਹਨ।
- ਅਨਪੜ੍ਹ ਅਤੇ ਅਗਿਆਨੀਆਂ ਬੀਬੀਆਂ ਕੋਲੋਂ ਹੀ ਸੋਨਾ ਅਤੇ ਨੋਟ ਝੜਦੇ ਹਨ।
- ਬੇਕਾਰ ਸੇਵਾ ਵਾਲੇ ਬਾਬਿਆਂ ਦਾ ਸ਼ਿਕਾਰ ਜਿਆਦਾ ਤਰ ਵਹਿਮੀ ਭਰਮੀ ਪਾਖੰਡੀ ਕਿਸਮ ਦੇ ਲੋਕ ਹੀ ਬਣਦੇ ਹਨ। ਪੇਂਡੂ ਅਤੇ ਸ਼ਹਿਰੀ ਤਬਕਾ ਸਾਰੇ ਇਸ ਕੈਟਾਗਿਰੀ ਵਿੱਚ ਸ਼ਾਮਿਲ ਹਨ।
- ਇੱਤਿਹਾਸਿਕ ਧਾਰਮਿੱਕ ਸਥਾਨਾਂ ਵਿੱਚ ਇਸ ਬੇਕਾਰ ਸੇਵਾ ਦਾ ਠੇਕਾ ਲੈਣਾ ਕੋਈ ਖਾਲਾ ਜੀ ਦਾ ਵਾੜੇ ਵਾਲਾ ਖੇਡ ਨਹੀਂ, ਇਸ ਪਿੱਛੇ ਪੂਰੀ ਪਲੈਨਿੰਗ ਹੁੰਦੀ ਹੈ। ਸੌਦਾ ਹਜ਼ਾਰਾਂ, ਲੱਖਾਂ ਵਿੱਚ ਨਹੀਂ ਬਲਕਿ ਕਰੋੜਾਂ ਵਿੱਚ ਹੁੰਦਾ ਹੈ।
- ਚੰਗੀ ਪਹੁੰਚ ਵਾਲਾ ਬਾਬਾ ਜਿਸਦੀ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਦੇ ਪੋਲੀਟੀਕਲ ਲੀਡਰਾਂ ਨਾਲ ਚੰਗੀ ਸਾਂਠ-ਗਾਂਠ ਹੋਵੇ, ਉਸੇ ਨੂੰ ਹੀ ਇਸ ਤਰਾਂ ਦੇ ਠੇਕੇ ਮਿਲਦੇ ਹਨ। ਇਸ ਸੱਭ ਅੰਦਰ ਖਾਤੇ ਦੀਆਂ ਖੇਡਾਂ ਚਾਲਾਂ ਹਨ।
- ਸਿੱਖ ਸਮਾਜ ਦੇ ਗੁਰਦੁਆਰਿਆਂ, ਪੰਜਾਬ ਵਿੱਚ ਪ੍ਰਮੁੱਖ ਧਾਰਮਿੱਕ ਸਥਾਨਾਂ ਵਿੱਚ ਇਹ ਸੱਭ ਚਲਦਾ ਹੈ। ਕਿਹੜਾ ਕਿਸੇ 'ਰੱਬ' ਨੇ ਆ ਕੇ ਇਹਨਾਂ ਬੇਈਮਾਨ, ਚਲਾਕ, ਮੱਕਾਰ, ਲੂੰਬਰਾਂ ਦੀ ਲੱਤ ਭੰਨ੍ਹ ਦੇਣੀ ਹੈ। ਇਹਨਾਂ ਛਾਤਿਰਾਂ ਨੂੰ ਪਤਾ ਹੈ, ਕਿਤੇ ਕੋਈ 'ਰੱਬ-ਛੱਬ' ਨਹੀਂ ਬੈਠਾ।
- ਇਹ ਧਰਮ-ਕਰਮ ਪੁਜਾਰੀ ਲਈ ਦੁਕਾਨਦਾਰੀਆਂ ਹਨ। ਅਨਪੜ੍ਹ ਅਗਿਆਨੀ ਲੋਕ ਇਹਨਾਂ ਲਈ ਭੇਡਾਂ ਹਨ। ਜੋ ਇਸ਼ਾਰਾ ਕਰਨ ਦੇ ਨਾਲ ਹੀ ਚੱਲਦੀਆਂ ਰਹਿੰਦੀਆਂ ਹਨ।
- ਪੁਜਾਰੀ ਨੇ ਜਾਗਰਤੀ ਆਉਣ ਨਹੀਂ ਦੇਣੀ, ਕਿਉਂਕਿ ਪੁਜਾਰੀ ਦੀ ਦੁਕਾਨਦਾਰੀ ਬੰਦ ਹੋ ਜਾਵੇਗੀ।
- ਪ੍ਰਚੱਲਤ ਕਥਾ ਕਹਾਣੀਆਂ ਦਾ ਅਸਰ ਜਲਦੀ ਦੂਰ ਹੋਣ ਵਾਲਾ ਨਹੀਂ ਹੈ। ਜਦ ਤੱਕ ਬਾਬੇ ਨਾਨਕ ਦਾ ਪਿਆਰਾ ਆਪਣੇ ਆਪ ਨੂੰ 'ਗੁਰਮੱਤ-ਗਿਆਨ' ਦੇ ਅਨੁਸਾਰੀ ਜਗਾਉਂਦਾ ਨਹੀਂ ਹੈ।
- ਦਰਬਾਰ ਸਾਹਿਬ ਦੇ ਅੰਦਰ ਹੀ ਬਹੁਤ ਕੁੱਝ ਬਿੱਪਰੀ/ਬ੍ਰਾਹਮਣੀ ਤਰਜ਼ ਉੱਪਰ ਹੋ ਰਿਹਾ ਹੈ। ਤੱਤ ਖਾਲਸਾ ਜੰਗਲਾਂ ਬੇਲਿਆਂ ਵਿੱਚ ਆਪਣੀ ਹੋਂਦ ਬਚਾਉਣ ਲਈ ਜੂਝਦਾ ਮਰਦਾ ਰਿਹਾ। ਏਧਰ ਧਾਰਮਿੱਕ ਸਥਾਨਾਂ ਵਿੱਚ ਗੁਰੁ ਅੰਸ਼-ਬੰਸ ਵਾਲਿਆਂ, ਨਿਰਮਲੇ ਸਾਧੜਿਆਂ ਨੇ ਦਰਬਾਰ ਸਾਹਿਬ ਵਿੱਚ ਸਨਾਤਨੀ ਰਵਾਇਤਾਂ ਮੰਨਣੀਆਂ ਮਨਾਉਣੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ। ਜਿਹਨਾਂ ਮਨਾਉਤਾਂ ਵਿਚੋਂ ਬਹੁਤੀਆਂ ਅੱਜ ਵੀ ਜਾਰੀ ਹਨ।
- 'ਗੁਰਬਾਣੀ ਗਿਆਨ' ਦਾ ਚਾਨਣ ਨਾ ਹੋਣ ਕਰਕੇ, 'ਗੁਰਬਾਣੀ' ਨੂੰ ਆਪ ਪੜ੍ਹਕੇ ਸਮਝਣ ਦਾ ਰੁਝਾਨ ਨਾ ਹੋਣ ਕਰਕੇ, ਲੋਕ ਉਹਨਾਂ ਸਨਾਤਨੀ ਰਵਾਇਤਾਂ ਨੂੰ ਦੇਖੋ-ਦੇਖੀ ਪ੍ਰਵਾਨ ਕਰੀ ਜਾ ਰਹੇ ਹਨ।
- ਮੰਨਮੱਤਾਂ ਘਟਣ ਦੀ ਬਜਾਏ, ਵੱਧਦੀਆਂ ਹੀ ਜਾ ਰਹੀਆਂ ਹਨ।
- ਸਿੱਖ ਨੂੰ ਜਿਸ ਦਲਦਲ ਵਿਚੋਂ ਕੱਢਿਆ ਸੀ, ਨਿਕਲਣਾ ਸੀ, ਉਸੇ ਦਲਦਲ ਵਿੱਚ ਸਿੱਖ ਕੌਮ ਨਿੱਘਰਦੀ ਜਾ ਰਹੀ ਹੈ. . . . ਜੋ ਲੋਕ ਸਾਨੂੰ ਫਸਾ ਰਹੇ ਹਨ, ਉਹਨਾਂ ਨੇ ਸਿੱਖ ਕੌਮ ਨੂੰ ਇਸ ਦਲਦਲ ਵਿਚੋਂ ਬਾਹਰ ਨਹੀਂ ਕੱਢਣਾ ਬਲਕਿ ਸਾਨੂੰ ਆਪ ਹੀ ਇਹ ਹੰਭਲਾ ਮਾਰਨਾ ਪੈਣਾ ਹੈ, ਆਪ ਹੀ ਗਿਆਨਵਾਨ ਹੋ ਕੇ ਸਿੱਖੀ ਵਿਰੋਧੀਆਂ ਨੂੰ ਪਛਾੜਨਾ ਹੋਵੇਗਾ।

(. . . . . . . . . . . **ਚੱਲਦਾ**)

ਇੰਜ ਦਰਸਨ ਸਿੰਘ ਅਸਟਰੇਲੀਆ

09 ਅਗਸਤ 2019